03-12-25 ਸਵੇਰੇ ਦੀ ਮੁਰਲੀ ਓਮ ਸ਼ਾਂਤੀ “ਬਾਪਦਾਦਾ” ਮਧੂਬਨ

ਮਿੱਠੇ ਬੱਚੇ:- ਤੁਸੀਂ ਹੁਣ ਹੋਲੀਏਸਟ ਆਫ਼ ਦੀ ਹੋਲੀ ਬਾਪ ਦੀ ਗੋਦ ਵਿੱਚ ਆਏ ਹੋ , ਤੁਹਾਨੂੰ ਮਨਸਾ ਨਾਲ ਵੀ ਹੋਲੀ ( ਪਵਿੱਤਰ ) ਬਣਨਾ ਹੈ "

ਪ੍ਰਸ਼ਨ:- ਹੋਲੀਏਸਟ ਆਫ਼ ਦੀ ਹੋਲੀ ਬੱਚਿਆਂ ਦਾ ਨਸ਼ਾ ਅਤੇ ਨਿਸ਼ਾਨੀਆਂ ਕੀ ਹੋਣਗੀਆਂ ?

ਉੱਤਰ:- ਉਨ੍ਹਾਂ ਨੂੰ ਨਸ਼ਾ ਹੋਵੇਗਾ ਕਿ ਅਸੀਂ ਹੋਲੀਏਸਟ ਆਫ ਦੀ ਹੋਲੀ ਬਾਪ ਦੀ ਗੋਦ ਲਈ ਹੈ। ਅਸੀਂ ਹੋਲੀਏਸਟ ਦੇਵੀ - ਦੇਵਤਾ ਬਣਦੇ ਹਾਂ, ਉਨ੍ਹਾਂ ਦੇ ਅੰਦਰ ਮਨਸਾ ਵਿਚ ਵੀ ਖਰਾਬ ਖਿਆਲਾਤ ਆ ਨਹੀਂ ਸਕਦੇ। ਉਹ ਖੁਸ਼ਬੂਦਾਰ ਫ਼ੁੱਲ ਹੁੰਦੇ ਹਨ, ਉਨ੍ਹਾਂ ਤੋਂ ਕੋਈ ਵੀ ਉਲਟਾ ਕਰਮ ਹੋ ਨਹੀਂ ਸਕਦਾ। ਉਹ ਅੰਤਰਮੁਖੀ ਬਣ ਆਪਣੀ ਜਾਂਚ ਕਰਦੇ ਹਨ ਕਿ ਮੇਰੇ ਤੋਂ ਸਭ ਨੂੰ ਖ਼ੁਸ਼ਬੂ ਆਉਂਦੀ ਹੈ? ਮੇਰੀ ਅੱਖ ਕਿਸੇ ਵਿਚ ਡੁੱਬਦੀ ਤੇ ਨਹੀਂ।

ਗੀਤ:- ਮਰਨਾ ਤੇਰੀ ਗਲੀ ਵਿੱਚ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਸੁਣਿਆ ਫਿਰ ਉਸਦਾ ਅਰਥ ਵੀ ਵਿਚਾਰ ਸਾਗਰ ਮੰਥਨ ਕਰ ਕੱਢਣਾ ਚਾਹੀਦਾ ਹੈ। ਇਹ ਕਿਸ ਨੇ ਕਿਹਾ ਮਰਨਾ ਤੇਰੀ ਗਲੀ ਵਿੱਚ? ਆਤਮਾ ਨੇ ਕਿਹਾ ਕਿਉਂਕਿ ਆਤਮਾ ਹੈ ਪਤਿਤ। ਪਾਵਨ ਤਾਂ ਅੰਤ ਵਿੱਚ ਕਹਾਂਗੇ ਜਦ ਸ਼ਰੀਰ ਵੀ ਪਾਵਨ ਮਿਲੇ। ਹੁਣ ਤਾਂ ਪੁਰਸ਼ਾਰਥੀ ਹਨ। ਇਹ ਵੀ ਜਾਣਦੇ ਹੋ - ਬਾਪ ਦੇ ਕੋਲ ਆ ਕੇ ਮਰਨਾ ਹੁੰਦਾ ਹੈ। ਇੱਕ ਬਾਪ ਨੂੰ ਛੱਡ ਦੂਸਰਾ ਕਰਨਾ ਮਾਨਾ ਇੱਕ ਤੋਂ ਮਰਕੇ ਦੂਸਰੇ ਕੋਲ ਜੀਣਾ। ਲੌਕਿਕ ਬਾਪ ਦਾ ਵੀ ਬੱਚਾ ਸ਼ਰੀਰ ਛੱਡੇਗਾ ਤਾਂ ਦੂਸਰੇ ਬਾਪ ਦੇ ਕੋਲ ਜਾਕੇ ਜਨਮ ਲਵੇਗਾ ਨਾ। ਇਹ ਵੀ ਇਵੇਂ ਹੈ। ਮਰ ਕੇ ਫਿਰ ਤੁਸੀਂ ਹੋਲੀਏਸਟ ਆਫ਼ ਹੋਲੀ ਦੀ ਗੋਦ ਵਿੱਚ ਤੁਸੀਂ ਜਾਂਦੇ ਹੋ। ਹੋਲੀਏਸਟ ਆਫ਼ ਦੀ ਹੋਲੀ ਕੌਣ ਹੈ? (ਬਾਪ) ਅਤੇ ਹੋਲੀ ਕੌਣ ਹੈ?(ਸੰਨਿਆਸੀ) ਹਾਂ, ਇਨ੍ਹਾਂ ਸੰਨਿਆਸੀਆਂ ਆਦਿ ਨੂੰ ਕਹਾਂਗੇ ਹੋਲ਼ੀ। ਤੁਹਾਡੇ ਅਤੇ ਸੰਨਿਆਸੀਆਂ ਵਿੱਚ ਫਰਕ ਹੈ। ਉਹ ਹੋਲੀ ਬਣਦੇ ਹਨ ਪਰ ਜਨਮ ਤਾਂ ਫਿਰ ਵੀ ਪਤਿਤ ਤੋਂ ਹੀ ਲੈਂਦੇ ਹੋ ਨਾ। ਤੁਸੀਂ ਬਣਦੇ ਹੋ ਹੋਲੀਏਸਟ ਆਫ਼ ਦੀ ਹੋਲ਼ੀ। ਤੁਹਾਨੂੰ ਬਣਾਉਣ ਵਾਲਾ ਹੈ ਹੋਲੀਐਸਟ ਆਫ਼ ਹੋਲੀ ਬਾਪ। ਉਹ ਲੋਕ ਘਰ ਬਾਰ ਛੱਡ ਹੋਲੀ ਬਣਦੇ ਹਨ। ਆਤਮਾ ਪਵਿੱਤਰ ਬਣਦੀ ਹੈ ਨਾ।

ਤੁਸੀਂ ਸਵਰਗ ਵਿੱਚ ਦੇਵੀ - ਦੇਵਤਾ ਹੋ ਤਾਂ ਤੁਸੀਂ ਹੋਲੀਏਸਟ ਆਫ਼ ਹੋਲੀ ਹੁੰਦੇ ਹੋ। ਇਹ ਤੁਹਾਡਾ ਸੰਨਿਆਸ ਹੈ ਬੇਹੱਦ ਦਾ। ਉਹ ਹੈ ਹੱਦ ਦਾ। ਉਹ ਹੋਲ਼ੀ ਬਣਦੇ ਹਨ, ਤੁਸੀਂ ਬਣਦੇ ਹੋ, ਹੋਲੀਏਸਟ ਆਫ਼ ਹੋਲੀ। ਬੁੱਧੀ ਵੀ ਕਹਿੰਦੀ ਹੈ - ਅਸੀਂ ਤਾਂ ਨਵੀਂ ਦੁਨੀਆਂ ਵਿੱਚ ਜਾਂਦੇ ਹਾਂ। ਉਹ ਸੰਨਿਆਸੀ ਆਉਂਦੇ ਹੀ ਹਨ ਰਜੋ ਵਿੱਚ। ਫਰਕ ਹੋਇਆ ਨਾ। ਕਿੱਥੇ ਰਜੋ, ਕਿੱਥੇ ਸਤੋ ਪ੍ਰਧਾਨ। ਤੁਸੀਂ ਹੋਲੀਏਸਟ ਆਫ ਹੋਲੀ ਦੁਆਰਾ ਹੋਲੀਏਸਟ ਬਣਦੇ ਹੋ। ਉਹ ਗਿਆਨ ਦਾ ਸਾਗਰ ਵੀ ਹੈ, ਪਿਆਰ ਦਾ ਸਾਗਰ ਵੀ ਹੈ। ਇੰਗਲਿਸ਼ ਵਿੱਚ ਓਸ਼ਨ ਆਫ਼ ਨਾਲੇਜ਼, ਓਸ਼ਨ ਆਫ਼ ਲਵ ਕਹਿੰਦੇ ਹਨ। ਤੁਹਾਨੂੰ ਕਿੰਨਾ ਉੱਚ ਬਣਾਉਂਦੇ ਹਨ। ਇਵੇਂ ਉੱਚ ਤੇ ਉੱਚ ਹੋਲੀਏਸਟ ਆਫ਼ ਹੋਲੀ ਨੂੰ ਬੁਲਾਉਂਦੇ ਹਨ ਕਿ ਆਕੇ ਪਤਿਤਾਂ ਨੂੰ ਪਾਵਨ ਬਣਾਓ। ਪਤਿਤ ਦੁਨੀਆਂ ਵਿੱਚ ਆਕੇ ਸਾਨੂੰ ਹੋਲੀਏਸਟ ਆਫ਼ ਹੋਲੀ ਬਣਾਓ। ਤਾਂ ਬੱਚਿਆਂ ਨੂੰ ਇਨ੍ਹਾਂ ਨਸ਼ਾ ਰਹਿਣਾ ਚਾਹੀਦਾ ਹੈ ਕਿ ਸਾਨੂੰ ਕੌਣ ਪੜ੍ਹਾਉਂਦੇ ਹਨ। ਅਸੀਂ ਕੀ ਬਣਾਂਗੇ? ਦੈਵੀਗੁਣ ਵੀ ਧਾਰਨ ਕਰਨੇ ਹਨ। ਬੱਚੇ ਲਿਖਦੇ ਹਨ - ਬਾਬਾ ਮਾਇਆ ਬਹੁਤ ਤੂਫ਼ਾਨ ਲਿਆਉਂਦੀ ਹੈ। ਸਾਨੂੰ ਮਨਸਾ ਵਿੱਚ ਵੀ ਸ਼ੁੱਧ ਬਣਨ ਨਹੀਂ ਦਿੰਦੀ ਹੈ ਕਿਉਂ ਅਜਿਹੇ ਖ਼ਰਾਬ ਖਿਆਲ ਆਉਂਦੇ ਹਨ ਜਦੋਂਕਿ ਸਾਨੂੰ ਹੋਲੀਏਸਟ ਆਫ਼ ਹੋਲੀ ਬਣਨਾ ਹੈ? ਬਾਪ ਕਹਿੰਦੇ ਹਨ - ਹਾਲੇ ਤੁਸੀਂ ਬਿਲਕੁਲ ਅਨ - ਹੋਲੀਏਸਟ ਆਫ਼ ਹੋਲੀ ਬਣ ਗਏ ਹੋ। ਬਹੁਤ ਜਨਮਾਂ ਦੇ ਅੰਤ ਵਿੱਚ ਹੁਣ ਫਿਰ ਬਾਪ ਤੁਹਾਨੂੰ ਜ਼ੋਰ ਨਾਲ ਪੜ੍ਹਾਉਂਦੇ ਹਨ। ਤਾਂ ਬੱਚਿਆਂ ਦੀ ਬੁੱਧੀ ਵਿੱਚ ਇਹ ਨਸ਼ਾ ਰਹਿਣਾ ਚਾਹੀਦਾ ਹੈ - ਅਸੀਂ ਕੀ ਬਣ ਰਹੇ ਹਾਂ। ਇਨ੍ਹਾਂ ਲਕਸ਼ਮੀ - ਨਾਰਾਇਣ ਨੂੰ ਅਜਿਹਾ ਕਿਸ ਨੇ ਬਣਾਇਆ? ਭਾਰਤ ਸਵਰਗ ਸੀ ਨਾ। ਇਸ ਸਮੇਂ ਭਾਰਤ ਤਮੋਪ੍ਰਧਾਨ ਭ੍ਰਿਸ਼ਟਾਚਾਰੀ ਹੈ। ਫਿਰ ਇਨ੍ਹਾਂ ਨੂੰ ਅਸੀਂ ਹੋਲੀਏਸਟ ਆਫ਼ ਦੀ ਹੋਲੀ ਬਣਾਉਂਦੇ ਹਾਂ। ਬਣਾਉਣ ਵਾਲਾ ਤੇ ਜ਼ਰੂਰ ਚਾਹੀਦਾ ਹੈ ਨਾ। ਆਪਣੇ ਵਿੱਚ ਵੀ ਇਹ ਨਸ਼ਾ ਰਹਿਣਾ ਚਾਹੀਦਾ ਹੈ ਕਿ ਸਾਨੂੰ ਦੇਵਤਾ ਬਣਨਾ ਹੈ। ਉਸ ਦੇ ਲਈ ਗੁਣ ਵੀ ਅਜਿਹੇ ਚਾਹੀਦੇ ਹਨ। ਇੱਕਦਮ ਥੱਲੇ ਤੋਂ ਉੱਪਰ ਚੜ੍ਹੇ ਹੋ। ਸੀੜੀ ਵਿੱਚ ਵੀ ਉਥਾਨ ਤੇ ਪਤਨ ਲਿਖਿਆ ਹੈ ਨਾ। ਜੋ ਥੱਲੇ ਡਿੱਗੇ ਹੋਏ ਹਨ ਉਹ ਕਿਵੇਂ ਆਪਣੇ ਆਪ ਨੂੰ ਹੋਲੀਏਸਟ ਆਫ਼ ਹੋਲ਼ੀ ਕਹਾਉਣਗੇ। ਹੋਲੀਏਸਟ ਆਫ਼ ਹੋਲੀ ਬਾਪ ਹੀ ਆਕੇ ਬੱਚਿਆਂ ਨੂੰ ਬਣਾਉਂਦੇ ਹਨ। ਤੁਸੀਂ ਇੱਥੇ ਆਏ ਹੀ ਹੋ ਵਿਸ਼ਵ ਦੇ ਮਾਲਿਕ ਹੋਲੀਏਸਟ ਆਫ਼ ਹੋਲੀ ਬਣਨ ਲਈ, ਤਾਂ ਕਿੰਨਾ ਨਸ਼ਾ ਰਹਿਣਾ ਚਾਹੀਦਾ ਹੈ। ਬਾਬਾ ਸਾਨੂੰ ਇਨ੍ਹਾਂ ਉੱਚ ਬਣਾਉਣ ਆਏ ਹਨ। ਮਨਸਾ - ਵਾਚਾ - ਕਰਮਣਾ ਪਵਿੱਤਰ ਬਣਨਾ ਹੈ। ਖੁਸ਼ਬੂਦਾਰ ਫੁੱਲ ਬਣਨਾ ਹੈ। ਸਤਯੁਗ ਨੂੰ ਕਿਹਾ ਹੀ ਜਾਂਦਾ ਹੈ - ਫੁੱਲਾਂ ਦਾ ਬਗੀਚਾ। ਬਦਬੂ ਕੋਈ ਵੀ ਨਾ ਹੋਵੇ। ਬਦਬੂ ਦੇਹ - ਅਭਿਮਾਨ ਨੂੰ ਕਿਹਾ ਜਾਂਦਾ ਹੈ। ਕੁਦ੍ਰਿਸ਼ਟੀ ਕੋਈ ਵੀ ਨਾ ਜਾਵੇ। ਇੰਝ ਦਾ ਉਲਟਾ ਕੰਮ ਨਾ ਹੋਵੇ ਜੋ ਦਿਲ ਨੂੰ ਖਾਵੇ ਅਤੇ ਖਾਤਾ ਬਣ ਜਾਵੇ। ਤੁਸੀਂ 21 ਜਨਮਾਂ ਦੇ ਲਈ ਧਨ ਇਕੱਠਾ ਕਰਦੇ ਹੋ। ਤੁਸੀਂ ਬੱਚੇ ਜਾਣਦੇ ਹੋ ਅਸੀਂ ਬਹੁਤ ਸੰਪਤੀਵਾਨ ਬਣ ਰਹੇ ਹਾਂ। ਆਪਣੀ ਆਤਮਾ ਨੂੰ ਦੇਖਣਾ ਹੈ ਅਸੀਂ ਦੈਵੀਗੁਣਾ ਨਾਲ ਭਰਭੂਰ ਹਾਂ। ਜਿਸ ਤਰ੍ਹਾਂ ਬਾਬਾ ਕਹਿੰਦੇ ਹਨ ਉਵੇਂ ਅਸੀਂ ਪੁਰਸ਼ਾਰਥ ਕਰਦੇ ਹਾਂ। ਤੁਹਾਡੀ ਏਮ ਅਬਜੇਕ੍ਰ ਤਾਂ ਦੇਖੋ ਕਿਹੋ ਜਿਹੀ ਹੈ। ਕਿੱਥੇ ਸੰਨਿਆਸੀ ਕਿੱਥੇ ਤੁਸੀਂ!

ਤੁਸੀਂ ਬੱਚਿਆਂ ਨੂੰ ਨਸ਼ਾ ਰਹਿਣਾ ਚਾਹੀਦਾ ਹੈ ਕਿ ਅਸੀਂ ਕਿਸ ਦੀ ਗੋਦ ਵਿੱਚ ਆਏ ਹਾਂ! ਸਾਨੂੰ ਕੀ ਬਣਾਉਂਦੇ ਹਨ? ਅੰਤਰਮੁੱਖੀ ਹੋ ਦੇਖਣਾ ਚਾਹੀਦਾ ਹੈ - ਅਸੀਂ ਕਿੱਥੋਂ ਤੱਕ ਲਾਇਕ ਬਣੇ ਹਾਂ? ਸਾਨੂੰ ਕਿੰਨਾ ਗੁਲਗੁਲ ਬਣਨਾ ਚਾਹੀਦਾ ਹੈ, ਜੋ ਸਭਨੂੰ ਗਿਆਨ ਦੀ ਖ਼ੁਸ਼ਬੂ ਆਏ? ਤੁਸੀਂ ਅਨੇਕਾਂ ਨੂੰ ਖੁਸ਼ਬੂ ਦਿੰਦੇ ਹੋ ਨਾ। ਆਪ ਸਮਾਨ ਬਣਾਉਂਦੇ ਹੋ। ਪਹਿਲਾਂ ਤਾਂ ਨਸ਼ਾ ਹੋਣਾ ਚਾਹੀਦਾ ਹੈ - ਸਾਨੂੰ ਪੜ੍ਹਾਉਣ ਵਾਲਾ ਕੌਣ ਹੈ! ਉਹ ਤਾਂ ਸਾਰੇ ਹਨ ਭਗਤੀਮਾਰਗ ਦੇ ਗੁਰੂ। ਗਿਆਨ ਮਾਰਗ ਦਾ ਗੁਰੂ ਕੋਈ ਹੋ ਨਾ ਸਕੇ - ਸਿਵਾਏ ਇੱਕ ਪਰਮਪਿਤਾ ਪ੍ਰਮਾਤਮਾ ਦੇ। ਬਾਕੀ ਹਨ ਭਗਤੀ ਮਾਰਗ ਦੇ। ਭਗਤੀ ਹੁੰਦੀ ਹੀ ਹੈ ਕਲਯੁਗ ਵਿੱਚ। ਰਾਵਨ ਦੀ ਪ੍ਰਵੇਸ਼ਤਾ ਹੁੰਦੀ ਹੈ। ਇਹ ਵੀ ਦੁਨੀਆਂ ਵਿੱਚ ਕਿਸੇ ਨੂੰ ਪਤਾ ਨਹੀਂ। ਹੁਣ ਤੁਸੀਂ ਜਾਣਦੇ ਹੋ, ਸਤਿਯੁਗ ਵਿੱਚ ਅਸੀਂ 16 ਕਲਾਂ ਸੰਪੂਰਨ ਸੀ, ਫਿਰ ਇੱਕ ਦਿਨ ਵੀ ਬੀਤਿਆ ਤਾਂ ਉਸਨੂੰ ਪੂਰਨਮਾਸ਼ੀ ਥੋੜ੍ਹੀ ਨਾ ਕਹਾਂਗੇ। ਇਹ ਵੀ ਅਜਿਹੇ ਹਨ। ਥੋੜ੍ਹਾ - ਥੋੜ੍ਹਾ ਜੂੰ ਦੀ ਤਰ੍ਹਾਂ ਚੱਕਰ ਫਿਰਦਾ ਰਹਿੰਦਾ ਹੈ। ਹੁਣ ਤੁਹਾਨੂੰ ਪੂਰਾ 16 ਕਲਾਂ ਸੰਪੂਰਨ ਬਣਨਾ ਹੈ, ਉਹ ਵੀ ਅਧਾਕਲਪ ਦੇ ਲਈ। ਫਿਰ ਕਲਾਵਾਂ ਘੱਟ ਹੁੰਦੀਆਂ ਹਨ, ਇਹ ਤੁਹਾਨੂੰ ਬੁੱਧੀ ਵਿੱਚ ਗਿਆਨ ਹੈ ਤਾਂ ਤੁਹਾਨੂੰ ਬੱਚਿਆਂ ਨੂੰ ਕਿੰਨਾਂ ਨਸ਼ਾ ਰਹਿਣਾ ਚਾਹੀਦਾ ਹੈ। | ਬੁਹਤਿਆਂ ਨੂੰ ਇਹ ਬੁੱਧੀ ਵਿੱਚ ਆਉਂਦਾ ਨਹੀਂ ਹੈ ਕਿ ਸਾਨੂੰ ਪੜ੍ਹਾਉਣ ਵਾਲਾ ਕੌਣ ਹੈ? ਓਸ਼ਨ ਆਫ ਨਾਲੇਜ। ਬੱਚਿਆਂ ਨੂੰ ਤਾਂ ਕਹਿੰਦੇ ਹਨ ਨਮਸਤੇ ਬੱਚਿਓ। ਤੁਸੀਂ ਬ੍ਰਹਿਮੰਡ ਦੇ ਵੀ ਮਾਲਿਕ ਹੋ, ਉੱਥੇ ਸਭ ਰਹਿੰਦੇ ਹੋ ਫਿਰ ਵਿਸ਼ਵ ਦੇ ਵੀ ਮਾਲਿਕ ਬਣਦੇ ਹੋ। ਤੁਹਾਡਾ ਹੌਂਸਲਾ ਵਧਾਉਣ ਦੇ ਲਈ ਬਾਪ ਕਹਿੰਦੇ ਹਨ ਤੁਸੀਂ ਮੇਰੇ ਤੋਂ ਵੀ ਉੱਚ ਬਣਦੇ ਹੋ। ਮੈਂ ਵਿਸ਼ਵ ਦਾ ਮਾਲਿਕ ਨਹੀਂ ਬਣਦਾ ਹਾਂ, ਆਪਣੇ ਤੋਂ ਵੀ ਤੁਹਾਨੂੰ ਉੱਚ ਮਹਿਮਾ ਵਾਲਾ ਬਣਾਉਂਦਾ ਹਾਂ। ਬਾਪ ਦੇ ਬੱਚੇ ਉੱਚ ਚੜ੍ਹ ਜਾਂਦੇ ਹਨ ਤਾਂ ਬਾਪ ਸਮਝਣਗੇ ਨਾ ਇਨ੍ਹਾਂ ਨੇ ਪੜ੍ਹਾਕੇ ਇਤਨੀ ਉੱਚ ਪਦਵੀ ਪਾਈ ਹੈ। ਬਾਪ ਵੀ ਕਹਿੰਦੇ ਹਨ ਮੈਂ ਤੁਹਾਨੂੰ ਪੜ੍ਹਾਉਂਦਾ ਹਾਂ। ਹੁਣ ਆਪਣੀ ਪਦਵੀ ਜਿੰਨੀ ਬਣਾਉਣਾ ਚਾਹੋ, ਪੁਰਸ਼ਾਰਥ ਕਰੋ। ਬਾਪ ਸਾਨੂੰ ਪੜ੍ਹਾਉਂਦੇ ਹਨ - ਪਹਿਲਾਂ ਤਾਂ ਨਸ਼ਾ ਚੜ੍ਹਨਾ ਚਾਹੀਦਾ ਹੈ। ਬਾਪ ਤਾਂ ਕਦੇ ਵੀ ਆਕੇ ਗੱਲ ਕਰਦੇ ਹਨ। ਉਹ ਤਾਂ ਜਿਵੇਂ ਇਨ੍ਹਾਂ ਵਿੱਚ ਹਨ ਹੀ। ਤੁਸੀਂ ਬੱਚੇ ਉਨ੍ਹਾਂ ਦੇ ਹੋ ਨਾ। ਇਹ ਰਥ ਵੀ ਉਨ੍ਹਾਂ ਦਾ ਹੈ ਨਾ। ਤਾਂ ਅਜਿਹਾ ਹੋਲੀਐਸਟ ਆਫ ਹੋਲੀ ਬਾਪ ਆਇਆ ਹੋਇਆ ਹੈ, ਤੁਹਾਨੂੰ ਪਾਵਨ ਬਣਾਉਂਦਾ ਹਾਂ। ਹੁਣ ਤੁਸੀਂ ਫਿਰ ਹੋਰਾਂ ਨੂੰ ਪਾਵਨ ਬਣਾਓ। ਮੈਂ ਰਿਟਾਇਰ ਹੁੰਦਾ ਹਾਂ। ਜਦੋਂ ਤੁਸੀਂ ਹੋਲੀਐਸਟ ਆਫ ਹੋਲੀ ਬਣਦੇ ਹੋ ਤਾਂ ਇੱਥੇ ਕੋਈ ਪਤਿਤ ਆ ਨਹੀਂ ਸਕਦਾ। ਇਹ ਹੋਲੀਐਸਟ ਆਫ ਹੋਲੀ ਦਾ ਚਰਚ ਹੈ। ਉਸ ਚਰਚ ਵਿੱਚ ਤਾਂ ਵਿਕਾਰੀ ਸਭ ਜਾਂਦੇ ਹਨ, ਸਭ ਪਤਿਤ ਅਨਹੋਲੀ ਹਨ। ਇਹ ਤਾਂ ਬਹੁਤ ਵੱਡੀ ਹੋਲੀ ਚਰਚ ਹੈ। ਇੱਥੇ ਕੋਈ ਪਤਿਤ ਪੈਰ ਵੀ ਰੱਖ ਨਾ ਸਕੇ। ਪਰ ਹਾਲੇ ਨਹੀਂ ਕਰ ਸਕਦੇ। ਜਦੋਂ ਬੱਚੇ ਵੀ ਅਜਿਹੇ ਬਣ ਜਾਣ ਤਾਂ ਅਜਿਹੇ ਕਾਈਦੇ ਕੱਢੇ ਜਾਣ। ਜਿੱਥੇ ਕੋਈ ਅੰਦਰ ਆ ਨਹੀਂ ਸਕਦਾ। ਪੁੱਛਦੇ ਹਨ ਨਾ ਆਕੇ ਸਭਾ ਵਿੱਚ ਬੈਠੀਏ? ਬਾਬਾ ਕਹਿੰਦੇ ਹਨ ਆਫ਼ੀਸਰਜ਼ ਆਦਿ ਨਾਲ ਕੰਮ ਰਹਿੰਦਾ ਹੈ ਤਾਂ ਉਨ੍ਹਾਂਨੂੰ ਬਿਠਾਉਣਾ ਪੈਂਦਾ ਹੈ। ਜਦੋਂ ਤੁਹਾਡਾ ਨਾਮ ਬਾਲਾ ਹੋ ਜਾਵੇਗਾ ਫਿਰ ਤੁਹਾਨੂੰ ਕਿਸੇ ਦੀ ਪ੍ਰਵਾਹ ਨਹੀਂ। ਹੁਣ ਰੱਖਣੀ ਪੈਂਦੀ ਹੈ, ਹੋਲੀਐਸਟ ਆਫ਼ ਹੋਲੀ ਵੀ ਗ਼ਮ ਖਾਂਦੇ ਰਹਿੰਦੇ ਹਨ। ਹੁਣ ਨਾ ਨਹੀਂ ਕਰ ਸਕਦੇ। ਪ੍ਰਭਾਵ ਨਿਕਲਣ ਨਾਲ ਫਿਰ ਲੋਕਾਂ ਦੀ ਦੁਸ਼ਮਣੀ ਵੀ ਘੱਟ ਹੋ ਜਾਵੇਗੀ। ਤੁਸੀਂ ਵੀ ਸਮਝਾਵੋਗੇ ਸਾਨੂੰ ਬ੍ਰਾਹਮਣਾਂ ਨੂੰ ਰਾਜਯੋਗ ਸਿਖਾਉਣ ਵਾਲਾ ਹੋਲੀਐਸਟ ਆਫ ਹੋਲੀ ਬਾਪ ਹੈ। ਸੰਨਿਆਸੀਆਂ ਨੂੰ ਹੋਲੀਐਸਟ ਆਫ਼ ਹੋਲੀ ਥੋੜ੍ਹੀ ਨਾ ਕਹਾਂਗੇ। ਉਹ ਆਉਂਦੇ ਹੀ ਹਨ ਰਜੋਗੁਣ ਵਿੱਚ। ਉਹ ਵਿਸ਼ਵ ਦੇ ਮਾਲਿਕ ਬਣ ਸਕਦੇ ਹਨ ਕੀ? ਹੁਣ ਤੁਸੀਂ ਪੁਰਸ਼ਾਰਥੀ ਹੋ। ਕਦੇ ਤੇ ਬਹੁਤ ਵਧੀਆ ਚਲਨ ਹੁੰਦੀ ਹੈ, ਕਦੇ ਫਿਰ ਅਜਿਹੀ ਚਲਨ ਹੁੰਦੀ ਹੈ ਜੋ ਨਾਮ ਬਦਨਾਮ ਕਰ ਦਿੰਦੇ ਹਨ। ਬਹੁਤ ਸੈਂਟਰ ਵਿੱਚ ਅਜਿਹੇ ਆਉਂਦੇ ਹਨ ਜੋ ਜਰਾ ਵੀ ਪਛਾਣ ਦੇ ਕੁਝ ਨਹੀਂ ਹਨ। ਤੁਸੀਂ ਆਪਣੇ ਨੂੰ ਵੀ ਭੁੱਲ ਜਾਂਦੇ ਹੋ ਕਿ ਅਸੀਂ ਕੀ ਬਣਦੇ ਹਾਂ। ਬਾਪ ਵੀ ਚਲਨ ਤੋਂ ਸਮਝ ਜਾਂਦੇ ਹਨ - ਇਹ ਕੀ ਬਣਨਗੇ? ਕਿਸਮਤ ਵਿੱਚ ਉੱਚ ਪਦਵੀ ਹੋਵੇਗੀ ਤਾਂ ਚਲਨ ਬਹੁਤ ਰਾਇਲਟੀ ਨਾਲ ਚੱਲਣਗੇ। ਸਿਰ੍ਫ ਯਾਦ ਰਹੇ ਕਿ ਸਾਨੂੰ ਪੜ੍ਹਾਉਂਦੇ ਕੌਣ ਹਨ ਤਾਂ ਵੀ ਕਾਫਰੀ ਖੁਸ਼ੀ ਰਹੇ। ਅਸੀਂ ਗੌਡ ਫਾਦਰਲੀ ਸਟੂਡੈਂਟ ਹਾਂ ਤਾਂ ਕਿੰਨਾ ਰਿਗਾਰਡ ਰਹੇ। ਹਾਲੇ ਅਜੁਨ ਸਿੱਖ ਰਹੇ ਹਨ। ਬਾਪ ਤੇ ਸਮਝਦੇ ਹਨ ਕਿ ਹਾਲੇ ਸਮੇਂ ਲੱਗੇਗਾ। ਨੰਬਰਵਨ ਤਾਂ ਹਰ ਗੱਲ ਵਿੱਚ ਹੁੰਦੇ ਹੀ ਹਨ। ਮਕਾਨ ਵੀ ਪਹਿਲੇ ਸਤੋਪ੍ਰਧਾਨ ਹੁੰਦਾ ਹੈ ਫਿਰ ਸਤੋ, ਰਜੋ, ਤਮੋ ਹੁੰਦਾ ਹੈ। ਹੁਣ ਤੁਸੀਂ ਸਤੋਪ੍ਰਧਾਨ, 16 ਕਲਾਂ ਸੰਪੂਰਨ ਬਣਨ ਵਾਲੇ ਹੋ। ਇਮਾਰਤ ਬਣਦੀ ਜਾਂਦੀ ਹੈ। ਤੁਸੀਂ ਸਾਰੇ ਮਿਲਕੇ ਸਵਰਗ ਦੀ ਇਮਾਰਤ ਬਣਾ ਰਹੇ ਹੋ। ਇਹ ਵੀ ਤੁਹਾਨੂੰ ਬਹੁਤ ਖੁਸ਼ੀ ਹੋਣੀ ਚਾਹੀਦੀ ਹੈ। ਭਾਰਤ ਜੋ ਅਨਹੋਲੀਐਸਟ ਆਫ਼ ਅਨਹੋਲੀ ਬਣ ਗਿਆ ਹੈ, ਉਸਨੂੰ ਅਸੀਂ ਹੋਲੀਐਸਟ ਆਫ਼ ਹੋਲੀ ਬਣਾਉਂਦੇ ਹਾਂ, ਤਾਂ ਆਪਣੇ ਉਪਰ ਕਿੰਨੀ ਖਬਰਦਾਰੀ ਰੱਖਣੀ ਚਾਹੀਦੀ ਹੈ। ਸਾਡੀ ਦ੍ਰਿਸ਼ਟੀ ਅਜਿਹੀ ਨਾ ਹੋਵੇ ਜੋ ਸਾਡੀ ਪਦਵੀ ਹੀ ਭ੍ਰਿਸ਼ਟ ਹੋ ਜਾਵੇ। ਇਵੇਂ ਨਹੀਂ ਬਾਬਾ ਨੂੰ ਲਿਖਾਂਗੇ ਤੇ ਬਾਬਾ ਕੀ ਕਹਿਣਗੇ। ਨਹੀਂ, ਹਾਲੇ ਤਾਂ ਸਭ ਪੁਰਸ਼ਾਰਥ ਕਰ ਰਹੇ ਹਨ। ਉਨ੍ਹਾਂ ਨੂੰ ਵੀ ਹਾਲੇ ਹੋਲੀਐਸਟ ਆਫ ਹੋਲੀ ਥੋੜ੍ਹੀ ਨਾ ਕਹਾਂਗੇ। ਬਣ ਜਾਵਾਂਗੇ ਫਿਰ ਵੀ ਇਹ ਸ਼ਰੀਰ ਤੇ ਨਹੀਂ ਰਹੇਗਾ। ਤੁਸੀਂ ਵੀ ਹੋਲੀਐਸਟ ਆਫ਼ ਹੋਲੀ ਬਣਦੇ ਹੋ। ਬਾਕੀ ਉਸ ਵਿੱਚ ਹਨ ਮਰਤਬੇ। ਉਸਦੇ ਲਈ ਪੁਰਸ਼ਾਰਥ ਕਰਨਾ ਹੈ ਅਤੇ ਕਰਵਾਉਣਾ ਹੈ। ਬਾਬਾ ਪੁਆਇੰਟਸ ਤਾਂ ਬਹੁਤ ਦਿੰਦੇ ਰਹਿੰਦੇ ਹਨ। ਕੋਈ ਆਵੇ ਤਾਂ ਭੇਂਟ (ਤੁਲਨਾ) ਕਰਕੇ ਵਿਖਾਓ। ਕਿੱਥੇ ਇਹ ਹੋਲੀਐਸਟ ਆਫ਼ ਹੋਲੀ, ਕਿੱਥੇ ਇਹ ਹੋਲੀ। ਇਨ੍ਹਾਂ ਲਕਸ਼ਮੀ - ਨਾਰਾਇਣ ਦਾ ਤੇ ਜਨਮ ਹੀ ਸਤਿਯੁਗ ਵਿੱਚ ਹੁੰਦਾ ਹੈ। ਉਹ ਆਉਂਦੇ ਹੀ ਬਾਦ ਵਿੱਚ ਹਨ, ਕਿੰਨਾ ਫਰਕ ਹੈ। ਬੱਚੇ ਸਮਝਦੇ ਹਨ ਸ਼ਿਵਬਾਬਾ ਸਾਨੂੰ ਇਹ ਬਣਾ ਰਹੇ ਹਨ। ਕਹਿੰਦੇ ਹਨ ਮਾਮੇਕਮ ਯਾਦ ਕਰੋ। ਆਪਣੇ ਨੂੰ ਅਸ਼ਰੀਰੀ ਆਤਮਾ ਸਮਝੋ। ਉੱਚ ਤੋਂ ਉੱਚ ਸ਼ਿਵਬਾਬਾ ਪੜ੍ਹਾਕੇ ਉੱਚ ਤੋਂ ਉੱਚ ਬਣਾਉਂਦੇ ਹਨ, ਬ੍ਰਹਮਾ ਦਵਾਰਾ ਅਸੀਂ ਇਹ ਪੜ੍ਹਦੇ ਹਾਂ। ਬ੍ਰਹਮਾ ਸੋ ਵਿਸ਼ਨੂੰ ਬਣਦੇ ਹਾਂ। ਇਹ ਵੀ ਤੁਸੀਂ ਜਾਣਦੇ ਹੋ। ਮਨੁੱਖ ਤਾਂ ਕੁਝ ਵੀ ਨਹੀਂ ਸਮਝਦੇ। ਹੁਣ ਸਾਰੀ ਸ੍ਰਿਸ਼ਟੀ ਤੇ ਰਾਵਨ ਰਾਜ ਹੈ। ਤੁਸੀਂ ਰਾਮਰਾਜ ਸਥਾਪਨ ਕਰ ਰਹੇ ਹੋ, ਜਿਸਨੂੰ ਤੁਸੀਂ ਜਾਣਦੇ ਹੋ। ਡਰਾਮਾ ਅਨੁਸਾਰ ਅਸੀਂ ਸਵਰਗ ਸਥਾਪਨ ਕਰਨ ਦੇ ਲਾਇਕ ਬਣ ਰਹੇ ਹਾਂ। ਹੁਣ ਬਾਬਾ ਲਾਇਕ ਬਣਾਉਂਦੇ ਹਨ। ਸਿਵਾਏ ਬਾਪ ਦੇ ਸ਼ਾਂਤੀਧਾਮ ਸੁਖਧਾਮ ਕੋਈ ਲੈ ਨਹੀਂ ਜਾ ਸਕਦੇ। ਗਪੌੜਾ ਮਾਰਦੇ ਰਹਿੰਦੇ ਹਨ ਫਲਾਣਾ ਸਵਰਗ ਗਿਆ, ਮੁਕਤੀਧਾਮ ਗਿਆ। ਬਾਪ ਕਹਿੰਦੇ ਹਨ ਇਹ ਵਿਕਾਰੀ, ਪਤਿਤ ਆਤਮਾਵਾਂ ਸ਼ਾਂਤੀਧਾਮ ਕਿਵੇਂ ਜਾਣਗੀਆਂ। ਤੁਸੀਂ ਕਹਿ ਸਕਦੇ ਹੋ ਤਾਂ ਸਮਝਣ ਇਨ੍ਹਾਂਨੂੰ ਕਿੰਨਾ ਫ਼ਖੁਰ ਹੈ। ਇਵੇਂ ਵਿਚਾਰ ਸਾਗਰ ਮੰਥਨ

ਕਰੋ, ਕਿਵੇਂ ਸਮਝਾਈਏ। ਤੁਰਦੇ - ਫਿਰਦੇ ਅੰਦਰ ਵਿੱਚ ਆਉਣਾ ਚਾਹੀਦਾ ਹੈ। ਧੀਰਜ ਵੀ ਧਰਨਾ ਹੈ, ਅਸੀਂ ਵੀ ਲਾਇਕ ਬਣ ਜਾਈਏ। ਭਾਰਤਵਾਸੀ ਹੀ ਪੂਰਾ ਲਾਇਕ ਅਤੇ ਪੂਰਾ ਨਾਲਾਇਕ ਬਣਦੇ ਹਨ। ਹੋਰ ਕੋਈ ਨਹੀਂ। ਹੁਣ ਬਾਪ ਤੁਹਾਨੂੰ ਲਾਇਕ ਬਣਾ ਰਹੇ ਹਨ। ਨਾਲੇਜ ਬਹੁਤ ਮਜ਼ੇ ਦੀ ਹੈ। ਅੰਦਰ ਵਿੱਚ ਬਹੁਤ ਖੁਸ਼ੀ ਰਹਿੰਦੀ ਹੈ- ਅਸੀਂ ਇਸ ਭਾਰਤ ਨੂੰ ਹੀ ਹੋਲੀਐਸਟ ਆਫ਼ ਹੋਲੀ ਬਣਾਵਾਂਗੇ। ਚਲਨ ਬਹੁਤ ਰਾਇਲ ਚਾਹੀਦੀ ਹੈ। ਖਾਣ - ਪੀਣ ਚਲਣ ਤੋਂ ਪਤਾ ਚੱਲ ਸਕਦਾ ਹੈ। ਸ਼ਿਵਬਾਬਾ ਤੁਹਾਨੂੰ ਇਨਾਂ ਉੱਚਾ ਬਣਾਉਂਦੇ ਹਨ। ਉਨ੍ਹਾਂ ਦੇ ਬੱਚੇ ਬਣੇ ਹੋ ਤਾਂ ਨਾਮ ਬਾਲਾ ਕਰਨਾ ਹੈ। ਚਲਪ ਅਜਿਹੀ ਹੋਵੇ ਜੋ ਸਮਝਣ ਇਹ ਤਾਂ ਹੋਲੀਐਸਟ ਆਫ਼ ਹੋਲੀ ਦੇ ਬੱਚੇ ਹਨ। ਹੋਲੀ - ਹੋਲੀ ਤੁਸੀਂ ਬਣਦੇ ਜਾਵੋਗੇ। ਮਹਿਮਾ ਨਿਕਲਦੀ ਜਾਵੇਗੀ। ਫਿਰ ਕਾਇਦੇ ਕਾਨੂੰਨ ਸਭ ਨਿਕਲਣਗੇ, ਜੋ ਕੋਈ ਪਤਿਤ ਅੰਦਰ ਆ ਨਹੀਂ ਸਕਦਾ। ਬਾਬਾ ਸਮਝ ਸਕਦੇ ਹਨ ਅਜੇ ਟਾਈਮ ਚਾਹੀਦਾ ਹੈ। ਬੱਚਿਆਂ ਨੂੰ ਬਹੁਤ ਪੁਰਸ਼ਾਰਥ ਕਰਨਾ ਹੈ। ਹੁਣ ਰਾਜਧਾਨੀ ਵੀ ਤਿਆਰ ਹੋ ਜਾਵੇ। ਫਿਰ ਕਰਨ ਵਿੱਚ ਹਰਜਾ ਨਹੀਂ ਹੈ। ਫਿਰ ਤਾਂ ਇੱਥੋਂ ਤੋਂ ਹੇਠਾਂ ਆਬੂ ਰੋਡ ਤੱਕ ਲਾਈਨ ਲੱਗ ਜਾਵੇਗੀ। ਹੁਣ ਤੁਸੀਂ ਅੱਗੇ ਚੱਲੋ। ਬਾਬਾ ਤੁਹਾਡੇ ਭਾਗਿਆ ਨੂੰ ਵਧਾਉਂਦੇ ਰਹਿੰਦੇ ਹਨ। ਪਦਮ ਭਾਗਸ਼ਾਲੀ ਵੀ ਕਾਇਦੇਸਿਰ ਕਹਿੰਦੇ ਹਨ ਨਾ। ਪੈਰ ਵਿੱਚ ਪਦਮ ਵਿਖਾਉਂਦੇ ਹਨ ਨਾ। ਇਹ ਸਭ ਤੁਹਾਡੀ ਬੱਚਿਆਂ ਦੀ ਮਹਿਮਾ ਹੈ। ਫਿਰ ਵੀ ਬਾਪ ਕਹਿੰਦੇ ਹਨ ਮਨਮਨਾਭਵ, ਬਾਪ ਨੂੰ ਯਾਦ ਕਰੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਅਜਿਹਾ ਕੋਈ ਕੰਮ ਨਹੀਂ ਕਰਨਾ ਹੈ ਜੋ ਦਿਲ ਨੂੰ ਖਾਂਦਾ ਰਹੇ। ਪੂਰਾ ਖੁਸ਼ਬੂਦਾਰ ਫੁੱਲ ਬਣਨਾ ਹੈ। ਦੇਹ - ਅਭਿਮਾਨ ਦੀ ਬਦਬੂ ਕੱਢ ਦੇਣੀ ਹੈ।

**2.** ਚਲਨ ਬਹੁਤ ਰਾਇਲ ਰੱਖਣੀ ਹੈ। ਹੋਲੀਐਸਟ ਆਫ਼ ਹੋਲੀ ਬਣਨ ਦਾ ਪੂਰਾ ਪੁਰਸ਼ਾਰਥ ਕਰਨਾ ਹੈ। ਦ੍ਰਿਸ਼ਟੀ ਅਜਿਹੀ ਨਾ ਹੋਵੇ ਜੋ ਪਦਵੀ ਭ੍ਰਿਸ਼ਟ ਹੋ ਜਾਵੇ।

ਵਰਦਾਨ:- ਨਾਉਮੀਦੀ ਦੀ ਚਿਤਾ ਤੇ ਬੈਠੀ ਹੋਈ ਆਤਮਾਵਾਂ ਨੂੰ ਨਵੇਂ ਜੀਵਨ ਦਾ ਦਾਨ ਦੇਣ ਵਾਲੇ ਤ੍ਰਿਮੂਰਤੀ ਪ੍ਰਾਪਤੀਆਂ ਨਾਲ ਸੰਪੰਨ ਭਵ।

ਸੰਗਮਯੁਗ ਤੇ ਬਾਪ ਦੁਆਰਾ ਸਾਰੇ ਬੱਚਿਆਂ ਨੂੰ ਐਵਰਹੈਲਦੀ, ਵੈਲਦੀ ਅਤੇ ਹੈਪੀ ਰਹਿਣ ਦਾ ਤ੍ਰਿਮੂਰਤੀ ਵਰਦਾਨ ਪ੍ਰਾਪਤ ਹੁੰਦਾ ਹੈ ਜੋ ਬੱਚੇ ਇਨ੍ਹਾਂ ਤਿੰਨਾਂ ਪ੍ਰਾਪਤੀਆਂ ਨਾਲ ਸਦਾ ਸੰਪੰਨ ਰਹਿੰਦੇ ਹਨ ਉਨ੍ਹਾਂ ਦਾ ਖੁਸ਼ਨਸੀਬ, ਹਰਸ਼ਿਤਮੁੱਖ ਚੇਹਰਾ ਵੇਖਕੇ ਮਾਨਵ ਜੀਵਨ ਵਿਚ ਜਿਊਣ ਦਾ ਉਮੰਗ - ਉਤਸਾਹ ਆ ਜਾਂਦਾ ਹੈ ਕਿਉਂਕਿ ਹੁਣ ਮਨੁੱਖ ਜਿਉਂਦੇ ਹੋਏ ਵੀ ਨਾਉਮੀਦੀ ਦੀ ਚਿਤਾ ਤੇ ਬੈਠੇ ਹਨ। ਹੁਣ ਅਜਿਹੀਆਂ ਆਤਮਾਵਾਂ ਨੂੰ ਮਰਜੀਵਾ ਬਣਾਓ। ਨਵੇਂ ਜੀਵਨ ਦਾ ਦਾਨ ਦਵੋ। ਸਦਾ ਸਮ੍ਰਿਤੀ ਵਿਚ ਰਹੇ ਕਿ ਇਹ ਤਿੰਨੋ ਪ੍ਰਾਪਤੀਆਂ ਸਾਡਾ ਜਨਮ ਸਿੱਧ ਅਧਿਕਾਰ ਹੈ। ਤਿੰਨਾਂ ਹੀ ਧਾਰਨਾਵਾਂ ਦੇ ਲਈ ਡਬਲ ਅੰਡਰਲਾਈਨ ਲਗਾਓ।

ਸਲੋਗਨ:- ਨਿਆਰੇ ਅਤੇ ਅਧਿਕਾਰੀ ਹੋਕੇ ਕਰਮ ਵਿਚ ਆਉਣਾ - ਇਹ ਹੀ ਬੰਧਨ ਮੁਕਤ ਸਥਿਤੀ ਹੈ।

******

ਅਵਿਅਕਤ ਇਸ਼ਾਰੇ **:-** ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ।

ਕਰਮਾਤੀਤ ਦਾ ਅਰਥ ਹੀ ਹੈ- ਸਰਵ ਪ੍ਰਕਾਰ ਦੇ ਹਦ ਦੇ ਸੁਭਾਅ - ਸੰਸਕਾਰ ਤੋਂ ਅਤੀਤ ਮਤਲਬ ਨਿਆਰਾ। ਹਦ ਹੈ ਬੰਧਨ, ਬੇਹੱਦ ਹਰ ਨਿਰਬੰਧਨ। ਬ੍ਰਹਮਾ ਬਾਪ ਸਮਾਨ ਹੁਣ ਹਦ ਦੇ ਮੇਰੇ - ਮੇਰੇ ਤੋਂ ਮੁਕਤ ਹੋਣ ਦਾ ਮਤਲਬ ਕਰਮਾਤੀਤ ਹੋਣ ਦਾ ਅਵਿਅਕਤ ਦਿਵਸ ਮਨਾਓ, ਇਸੇ ਨੂੰ ਹੀ ਸਨੇਹ ਦਾ ਸਬੂਤ ਕਿਹਾ ਜਾਂਦਾ ਹੈ।